# ਪੰਜਾਬ ਵਿਧਾਨ ਸਭਾ

## ਤੇਰ੍ਹਵਾਂ ਸਮਾਗਮ

## ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

## 23 ਅਕਤੂਬਰ 2026

----

ਕੁੱਲ ਪ੍ਰਸ਼ਨ - 9

----

### ਸਪੈਸ਼ਲ ਕਰਵਾਈਆਂ ਗਈਆਂ ਗਿਰਦਾਵਰੀਆਂ ਦੇ ਵੇਰਵੇ

692 ਸ਼੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ (ਬਰਨਾਲਾ):

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ :-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) 16 ਮਾਰਚ ਤੋਂ 28 ਜੁਲਾਈ 2026 ਤੱਕ ਪੰਜਾਬ ਵਿਚ ਕਿੰਨੀਆਂ ਸਪੈਸ਼ਲ ਗਿਰਦਾਵਰੀ ਕਰਵਾਈਆਂ ਗਈਆਂ ਹਨ (ਸਾਲ ਵਾਇਸ ਅਤੇ ਜਿਲ੍ਹੇ ਵਾਰ ਸੂਚਨਾ);

ਅ) ਸਾਲ 2023 ਅਤੇ 2025 ਵਿੱਚ ਆਏ ਹੜਾਂ ਕਰਕੇ ਹੋਏ ਕਿਸਾਨਾਂ ਦੀ ਫਸਲਾਂ ਦੇ ਨੁਕਸਾਨ ਦੇ ਮੁਆਵਜੇ ਵਜੋਂ ਸਰਕਾਰ ਵਲੋਂ ਐਲਾਨੀ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਕਿੰਨੇ ਕਿਸਾਨਾਂ ਨੂੰ ਮਿਲਿਆ ਹੈ; (ਸਾਲ ਵਾਇਸ ਅਤੇ ਜਿਲ੍ਹੇ ਵਾਰ ਸੂਚਨਾ) ਵੇਰਵੇ ਸਹਿਤ ਦੱਸਿਆ ਜਾਵੇ?

----

### ਜ਼ਮੀਨ ਅਤੇ ਜਾਇਦਾਦ ਦੀਆਂ ਰਜਿਸਟਰੀਆਂ ਨੂੰ ਪਾਰਦਰਸ਼ੀ ਕਰਨਾ

705 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ :-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ1 ਅਪ੍ਰੈਲ 2022 ਤੋਂ ਅੱਜ ਤੱਕ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਸਾਰੇ ਸਬ-ਰਜਿਸਟਰਾਰ ਅਤੇ ਜੁਆਇੰਟ ਸਬ-ਰਜਿਸਟਰਾਰ ਦਫ਼ਤਰਾਂ ਵਿੱਚ ਜ਼ਮੀਨ ਅਤੇ ਜਾਇਦਾਦ ਦੀਆਂ ਰਜਿਸਟਰੀਆਂ ਨੂੰ ਪਾਰਦਰਸ਼ੀ, ਸਮੇਂ ਸਿਰ ਅਤੇ ਕਾਨੂੰਨ ਅਨੁਸਾਰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਕੀ-ਕੀ ਕਦਮ ਚੁੱਕੇ ਗਏ ਹਨ; ਜੇ ਹਾਂ, ਤਾਂ ਹੇਠ ਲਿਖੀ ਜਾਣਕਾਰੀ ਦਿੱਤੀ ਜਾਵੇ—

1. 1 ਅਪ੍ਰੈਲ 2022 ਤੋਂ ਅੱਜ ਤੱਕ ਹਲਕਾ ਖਡੂਰ ਸਾਹਿਬ ਦੇ ਹਰੇਕ ਸਬ-ਰਜਿਸਟਰਾਰ ਦਫ਼ਤਰ ਵਿੱਚ ਕੁੱਲ ਕਿੰਨੀਆਂ ਰਜਿਸਟਰੀਆਂ ਹੋਈਆਂ? ਮਹੀਨਾ-ਵਾਰ ਅਤੇ ਦਫ਼ਤਰ-ਵਾਰ ਵੇਰਵਾ ਦਿੱਤਾ ਜਾਵੇ;
2. ਹਰੇਕ ਰਜਿਸਟਰੀ ਲਈ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਫ਼ੀਸ ਅਤੇ ਹੋਰ ਮੱਦਾਂ ਰਾਹੀਂ ਸਰਕਾਰ ਨੂੰ ਕਿੰਨਾ ਮਾਲੀਆ ਪ੍ਰਾਪਤ ਹੋਇਆ? ਮਹੀਨਾ-ਵਾਰ ਅਤੇ ਦਫ਼ਤਰ-ਵਾਰ ਵੇਰਵਾ ਦਿੱਤਾ ਜਾਵੇ;
3. ਰਜਿਸਟਰੀ ਤੋਂ ਬਾਅਦ ਮਾਲ ਰਿਕਾਰਡ ਵਿੱਚ ਇੰਦਰਾਜ਼ ਅਤੇ ਹੋਰ ਸੰਬੰਧਿਤ ਕਾਰਵਾਈ ਨਿਰਧਾਰਤ ਸਮੇਂ ਵਿੱਚ ਯਕੀਨੀ ਬਣਾਉਣ ਲਈ ਕੀ ਪ੍ਰਣਾਲੀ ਲਾਗੂ ਹੈ? ਇਸ ਮਿਆਦ ਦੌਰਾਨ ਕਿੰਨੇ ਮਾਮਲਿਆਂ ਵਿੱਚ ਨਿਰਧਾਰਤ ਸਮੇਂ ਅੰਦਰ ਕਾਰਵਾਈ ਪੂਰੀ ਹੋਈ ਅਤੇ ਕਿੰਨੇ ਮਾਮਲਿਆਂ ਵਿੱਚ ਦੇਰੀ ਹੋਈ? ਕਾਰਨ-ਵਾਰ ਵੇਰਵਾ ਦਿੱਤਾ ਜਾਵੇ;
4. ਇਸ ਮਿਆਦ ਦੌਰਾਨ ਸਟੈਂਪਸ ਅਤੇ ਰਜਿਸਟ੍ਰੇਸ਼ਨ ਵਿਭਾਗ ਦੇ ਕੰਮਕਾਜ ਸਬੰਧੀ ਕਿੰਨੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ? ਸ਼ਿਕਾਇਤ ਦੀ ਕਿਸਮ, ਜਾਂਚ ਦੀ ਸਥਿਤੀ ਅਤੇ ਕੀਤੀ ਗਈ ਕਾਰਵਾਈ ਦਾ ਦਫ਼ਤਰ-ਵਾਰ ਵੇਰਵਾ ਦਿੱਤਾ ਜਾਵੇ;
5. ਇਸ ਮਿਆਦ ਦੌਰਾਨ ਹਰੇਕ ਸਬ-ਰਜਿਸਟਰਾਰ ਦਫ਼ਤਰ ਦਾ ਕਿੰਨੀ ਵਾਰ ਨਿਰੀਖਣ ਜਾਂ ਵਿਸ਼ੇਸ਼ ਜਾਂਚ ਕੀਤੀ ਗਈ? ਨਿਰੀਖਣ ਵਿੱਚ ਦਰਸਾਈਆਂ ਗਈਆਂ ਕਮੀਆਂ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਕੀਤੀ ਗਈ ਕਾਰਵਾਈ ਦਾ ਵੇਰਵਾ ਦਿੱਤਾ ਜਾਵੇ;
6. ਸਟੈਂਪ ਡਿਊਟੀ ਦੀ ਘੱਟ ਵਸੂਲੀ, ਗਲਤ ਮੁੱਲਾਂਕਣ ਜਾਂ ਹੋਰ ਵਿੱਤੀ ਬੇਨਿਯਮੀਆਂ ਨਾਲ ਸਬੰਧਤ ਕਿੰਨੇ ਮਾਮਲੇ ਸਾਹਮਣੇ ਆਏ? ਹਰੇਕ ਮਾਮਲੇ ਵਿੱਚ ਸਰਕਾਰ ਨੂੰ ਹੋਏ ਸੰਭਾਵਿਤ ਮਾਲੀ ਨੁਕਸਾਨ, ਵਸੂਲ ਕੀਤੀ ਗਈ ਰਕਮ ਅਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਦਿੱਤਾ ਜਾਵੇ;
7. ਵਿਭਾਗ ਵਿੱਚ ਸਬ-ਰਜਿਸਟਰਾਰਾਂ ਅਤੇ ਹੋਰ ਕਰਮਚਾਰੀਆਂ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦਾ ਦਫ਼ਤਰ-ਵਾਰ ਵੇਰਵਾ ਦਿੱਤਾ ਜਾਵੇ;
8. ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਲਈ ਆਨਲਾਈਨ ਸੇਵਾਵਾਂ, ਨਿਗਰਾਨੀ ਪ੍ਰਣਾਲੀ, ਦਸਤਾਵੇਜ਼ ਤਸਦੀਕ ਅਤੇ ਲੋਕ ਸਹੂਲਤਾਂ ਸਬੰਧੀ ਕੀ-ਕੀ ਸੁਧਾਰ ਕੀਤੇ ਗਏ ਹਨ? ਉਨ੍ਹਾਂ ਦਾ ਵੇਰਵਾ ਦਿੱਤਾ ਜਾਵੇ;
9. ਕੀ ਸਰਕਾਰ ਨੇ ਇਸ ਮਿਆਦ ਦੌਰਾਨ ਸਟੈਂਪਸ ਅਤੇ ਰਜਿਸਟ੍ਰੇਸ਼ਨ ਵਿਭਾਗ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਕੋਈ ਨਵੀਆਂ ਹਦਾਇਤਾਂ, ਮਿਆਰੀ ਕਾਰਜ-ਵਿਧੀਆਂ ਜਾਂ ਪ੍ਰਸ਼ਾਸਨਿਕ ਸੁਧਾਰ ਲਾਗੂ ਕੀਤੇ ਹਨ? ਜੇ ਹਾਂ, ਤਾਂ ਉਨ੍ਹਾਂ ਦਾ ਵੇਰਵਾ ਦਿੱਤਾ ਜਾਵੇ;
10. ਕੀ ਸਰਕਾਰ ਹਲਕਾ ਖਡੂਰ ਸਾਹਿਬ ਦੇ ਸਬ-ਰਜਿਸਟਰਾਰ ਦਫ਼ਤਰਾਂ ਵਿੱਚ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਤੇਜ਼, ਪਾਰਦਰਸ਼ੀ ਅਤੇ ਲੋਕ-ਪੱਖੀ ਬਣਾਉਣ ਲਈ ਕੋਈ ਨਵੀਂ ਕਾਰਜ ਯੋਜਨਾ ਜਾਂ ਵਿਸ਼ੇਸ਼ ਸੁਧਾਰ ਪ੍ਰੋਗਰਾਮ ਲਾਗੂ ਕਰਨ ਦਾ ਇਰਾਦਾ ਰੱਖਦੀ ਹੈ? ਜੇ ਹਾਂ, ਤਾਂ ਉਸ ਦਾ ਵੇਰਵਾ ਅਤੇ ਸਮਾਂ-ਸੀਮਾ ਦਿੱਤੀ ਜਾਵੇ?

----

**ਮਜ਼ਦੂਰਾਂ ਦੇ ਹੱਕਾਂ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਦੇ ਵੇਰਵੇ**

708 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):

**ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਬਿਜਲੀ ਵਿਭਾਗ :-**

ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ)1 ਅਪ੍ਰੈਲ 2022 ਤੋਂ ਅੱਜ ਤੱਕ ਹਲਕਾ ਖਡੂਰ ਸਾਹਿਬ ਵਿੱਚ ਕਿਰਤ ਕਾਨੂੰਨਾਂ ਦੀ ਪ੍ਰਭਾਵਸ਼ਾਲੀ ਲਾਗੂਅੰਦੀ, ਮਜ਼ਦੂਰਾਂ ਦੇ ਹੱਕਾਂ ਦੀ ਸੁਰੱਖਿਆ ਅਤੇ ਉਦਯੋਗਿਕ ਸ਼ਾਂਤੀ ਬਣਾਈ ਰੱਖਣ ਲਈ ਸਰਕਾਰ ਵੱਲੋਂ ਕੀ-ਕੀ ਕਦਮ ਚੁੱਕੇ ਗਏ ਹਨ;

ਅ) ਹਲਕਾ ਖਡੂਰ ਸਾਹਿਬ ਵਿੱਚ ਕਿਰਤ ਵਿਭਾਗ ਵੱਲੋਂ ਕਿੰਨੇ ਉਦਯੋਗਾਂ, ਫੈਕਟਰੀਆਂ, ਵਪਾਰਕ ਅਦਾਰਿਆਂ ਅਤੇ ਹੋਰ ਸੰਸਥਾਵਾਂ ਦਾ ਨਿਰੀਖਣ ਕੀਤਾ ਗਿਆ; ਉਨ੍ਹਾਂ ਵਿੱਚੋਂ ਕਿੰਨੀਆਂ ਥਾਵਾਂ ’ਤੇ ਕਿਰਤ ਕਾਨੂੰਨਾਂ ਦੀ ਉਲੰਘਣਾ ਮਿਲੀ ਅਤੇ ਕੀ ਕਾਰਵਾਈ ਕੀਤੀ ਗਈ; ਵੇਰਵਾ ਦਿੱਤਾ ਜਾਵੇ;

ੲ) 1 ਅਪ੍ਰੈਲ 2022 ਤੋਂ ਅੱਜ ਤੱਕ ਘੱਟੋ-ਘੱਟ ਉਜਰਤਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਿੰਨੇ ਨਿਰੀਖਣ ਕੀਤੇ ਗਏ, ਕਿੰਨੇ ਮਾਮਲਿਆਂ ਵਿੱਚ ਘੱਟ ਉਜਰਤ ਮਿਲਣੀ ਪਾਈ ਗਈ ਅਤੇ ਕਿੰਨੇ ਮਜ਼ਦੂਰਾਂ ਨੂੰ ਬਕਾਇਆ ਉਜਰਤ ਦਿਵਾਈ ਗਈ; ਵੇਰਵਾ ਦਿੱਤਾ ਜਾਵੇ;

ਸ) ਹਲਕਾ ਖਡੂਰ ਸਾਹਿਬ ਵਿੱਚ ਉਦਯੋਗਿਕ ਝਗੜਿਆਂ, ਹੜਤਾਲਾਂ, ਤਾਲਾਬੰਦੀਆਂ ਜਾਂ ਕਿਰਤ ਵਿਵਾਦਾਂ ਦੇ ਕਿੰਨੇ ਮਾਮਲੇ ਸਾਹਮਣੇ ਆਏ; ਉਨ੍ਹਾਂ ਵਿੱਚੋਂ ਕਿੰਨੇ ਆਪਸੀ ਸਮਝੌਤੇ, ਕਿਰਤ ਅਦਾਲਤ ਜਾਂ ਹੋਰ ਤਰੀਕੇ ਨਾਲ ਨਿਪਟਾਏ ਗਏ; ਵੇਰਵਾ ਦਿੱਤਾ ਜਾਵੇ;

ਹ) ਬਾਲ ਮਜ਼ਦੂਰੀ ਨੂੰ ਰੋਕਣ ਲਈ ਹਲਕਾ ਖਡੂਰ ਸਾਹਿਬ ਵਿੱਚ ਕਿੰਨੇ ਨਿਰੀਖਣ ਕੀਤੇ ਗਏ, ਕਿੰਨੇ ਬੱਚਿਆਂ ਨੂੰ ਬਾਲ ਮਜ਼ਦੂਰੀ ਤੋਂ ਮੁਕਤ ਕਰਵਾਇਆ ਗਿਆ ਅਤੇ ਉਨ੍ਹਾਂ ਦੇ ਮੁੜ ਵਸੇਬੇ ਅਤੇ ਸਿੱਖਿਆ ਲਈ ਕੀ-ਕੀ ਕਦਮ ਚੁੱਕੇ ਗਏ; ਵੇਰਵਾ ਦਿੱਤਾ ਜਾਵੇ;

ਕ) ਕੀ ਸਰਕਾਰ ਹਲਕਾ ਖਡੂਰ ਸਾਹਿਬ ਵਿੱਚ ਕਿਰਤ ਕਾਨੂੰਨਾਂ ਦੀ ਪਾਲਣਾ, ਘੱਟੋ-ਘੱਟ ਉਜਰਤ ਦੀ ਯਕੀਨੀ ਅਦਾਇਗੀ, ਬਾਲ ਮਜ਼ਦੂਰੀ ਦੇ ਖਾਤਮੇ ਅਤੇ ਮਜ਼ਦੂਰ ਭਲਾਈ ਨੂੰ ਹੋਰ ਮਜ਼ਬੂਤ ਕਰਨ ਲਈ ਕੋਈ ਨਵੀਂ ਕਾਰਜ ਯੋਜਨਾ ਲਾਗੂ ਕਰਨ ਦਾ ਇਰਾਦਾ ਰੱਖਦੀ ਹੈ; ਜੇ ਹਾਂ, ਤਾਂ ਉਸ ਦਾ ਵਿਸਥਾਰਪੂਰਵਕ ਵੇਰਵਾ ਦਿੱਤਾ ਜਾਵੇ?

----

## ਨਹਿਰਾਂ ਅਤੇ ਸੂਇਆਂ ਵਿੱਚ ਮੋਘੇ ਅਤੇ ਖਾਲਾਂ ਦੇ ਵੇਰਵੇ

714 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ :-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2022 ਤੋਂ ਪਹਿਲਾਂ ਨਹਿਰਾਂ ਅਤੇ ਸੂਆਂ ਵਿੱਚੋਂ ਕੁੱਲ ਕਿੰਨੇ ਮੋਗੇ (Canal Outlets) ਕਾਰਜਸ਼ੀਲ ਸਨ; ਨਹਿਰ/ਸੂਆ-ਵਾਰ, ਮੋਗਾ ਨੰਬਰ ਅਤੇ ਪਿੰਡ-ਵਾਰ ਵੇਰਵਾ ਦਿੱਤਾ ਜਾਵੇ;

ਅ) ਸਾਲ 2022 ਤੋਂ ਬਾਅਦ ਕਿੰਨੇ ਨਵੇਂ ਮੋਗੇ ਮਨਜ਼ੂਰ ਕਰਕੇ ਲਗਾਏ ਗਏ; ਕਿੰਨੀਆਂ ਆਰਜ਼ੀ ਛੋਟਾਂ (Temporary Outlets) ਦਿੱਤੀਆਂ ਗਈਆਂ; ਕਿੰਨੇ ਮੋਗੇ ਪੱਕੇ ਕੀਤੇ ਗਏ ਜਾਂ ਅਪਗ੍ਰੇਡ ਕੀਤੇ ਗਏ;
ਹਰ ਮਾਮਲੇ ਵਿੱਚ ਨਹਿਰ/ਸੂਆ, ਮੋਗਾ ਨੰਬਰ, ਪਿੰਡ ਦਾ ਨਾਮ ਅਤੇ ਮੌਜੂਦਾ ਸਥਿਤੀ ਦਾ ਵੇਰਵਾ ਦਿੱਤਾ ਜਾਵੇ;

ੲ) ਸਾਲ 2022 ਤੋਂ ਬਾਅਦ ਮੋਗਿਆਂ ਤੋਂ ਨਿਕਲਦੇ ਖਾਲਿਆਂ ਵਿੱਚੋਂ ਕਿੰਨੇ ਖਾਲੇ ਪੱਕੇ ਕੀਤੇ ਗਏ; ਕਿੰਨੇ ਖਾਲਿਆਂ ਵਿੱਚ ਪੋਰੇ (Underground Pipelines) ਪਾਏ ਗਏ; ਇਸ ਦਾ ਪਿੰਡ-ਵਾਰ, ਮੋਗਾ-ਵਾਰ, ਲੰਬਾਈ ਅਤੇ ਲਾਗਤ ਸਮੇਤ ਵੇਰਵਾ ਦਿੱਤਾ ਜਾਵੇ;

ਸ) ਹਲਕਾ ਖਡੂਰ ਸਾਹਿਬ ਵਿੱਚ ਖਾਲੇ ਪੱਕੇ ਕਰਨ, ਪੋਰੇ ਪਾਉਣ, ਨਵੇਂ ਮੋਗੇ ਲਗਾਉਣ ਅਤੇ ਆਰਜ਼ੀ ਛੋਟ ਦੇਣ ਸਬੰਧੀ ਵਿਭਾਗ ਨੂੰ ਕੁੱਲ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ; ਕਿੰਨੀਆਂ ਮਨਜ਼ੂਰ ਹੋਈਆਂ; ਕਿੰਨੀਆਂ ਰੱਦ ਹੋਈਆਂ ਅਤੇ ਕਿੰਨੀਆਂ ਅਜੇ ਵੀ ਲੰਬਿਤ ਹਨ;ਹਰ ਅਰਜ਼ੀ ਦਾ ਪਿੰਡ-ਵਾਰ ਵੇਰਵਾ ਅਤੇ ਜਿਹੜੀਆਂ ਅਰਜ਼ੀਆਂ ਰੱਦ ਹੋਈਆਂ, ਉਨ੍ਹਾਂ ਦੇ ਰੱਦ ਕਰਨ ਦੇ ਕਾਰਨ ਵੀ ਦੱਸੇ ਜਾਣ;

ਹ) ਮੌਜੂਦਾ ਸਮੇਂ ਵਿਭਾਗ ਕੋਲ ਹਲਕਾ ਖਡੂਰ ਸਾਹਿਬ ਵਿੱਚ ਨਵੇਂ ਮੋਗੇ ਲਗਾਉਣ, ਖਾਲੇ ਪੱਕੇ ਕਰਨ, ਪੋਰੇ ਪਾਉਣ ਅਤੇ ਆਰਜ਼ੀ ਛੋਟਾਂ ਦੇਣ ਸਬੰਧੀ ਕਿੰਨੀਆਂ ਪ੍ਰਸਤਾਵਾਂ (Proposals) ਮਨਜ਼ੂਰੀ ਅਧੀਨ ਜਾਂ ਤਿਆਰ ਹਨ; ਹਰ ਪ੍ਰਸਤਾਵ ਦਾ ਪਿੰਡ-ਵਾਰ ਵੇਰਵਾ, ਅਨੁਮਾਨਿਤ ਲਾਗਤ, ਮੌਜੂਦਾ ਸਥਿਤੀ ਅਤੇ ਅਗਲੇ ਅੱਠ ਮਹੀਨਿਆਂ ਵਿੱਚ ਕੰਮ ਸ਼ੁਰੂ ਜਾਂ ਮੁਕੰਮਲ ਕਰਨ ਦੀ ਸੰਭਾਵਿਤ ਸਮਾਂ-ਸੀਮਾ ਦੱਸੀ ਜਾਵੇ?

----

## ਨਹਿਰਾਂ, ਰਜਬਾਹਿਆਂ, ਮਾਈਨਰਾਂ, ਡਿਸਟ੍ਰੀਬਿਊਟਰੀਆਂ ਅਤੇ ਡਰੇਨਾਂ ਦੀ ਮੁਰੰਮਤ ਦੇ ਵੇਰਵੇ

715 **ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ):**

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ :-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) 1 ਅਪ੍ਰੈਲ 2022 ਤੋਂ ਅੱਜ ਤੱਕ ਹਲਕਾ ਖਡੂਰ ਸਾਹਿਬ ਦੀਆਂ ਨਹਿਰਾਂ, ਰਜਬਾਹਿਆਂ, ਮਾਈਨਰਾਂ, ਡਿਸਟ੍ਰੀਬਿਊਟਰੀਆਂ ਅਤੇ ਡਰੇਨਾਂ ਦੀ ਸਫ਼ਾਈ, ਡੀ-ਸਿਲਟਿੰਗ ਅਤੇ ਮੁਰੰਮਤ ਲਈ ਕੀ-ਕੀ ਕੰਮ ਕੀਤੇ ਗਏ ਹਨ;

ਅ) 1 ਅਪ੍ਰੈਲ 2022 ਤੋਂ ਅੱਜ ਤੱਕ ਹਰੇਕ ਨਹਿਰ, ਰਜਬਾਹੇ, ਮਾਈਨਰ, ਡਿਸਟ੍ਰੀਬਿਊਟਰੀ ਅਤੇ ਡਰੇਨ ਦਾ ਨਾਮ, ਲੰਬਾਈ (ਕਿਲੋਮੀਟਰ ਵਿੱਚ), ਕੀਤੇ ਗਏ ਕੰਮ ਦਾ ਵੇਰਵਾ ਅਤੇ ਕੰਮ ਮੁਕੰਮਲ ਹੋਣ ਦੀ ਮਿਤੀ ਕੀ ਹੈ;

ੲ) ਹਰੇਕ ਕੰਮ ਲਈ ਕਿੰਨੀ ਰਕਮ ਮਨਜ਼ੂਰ ਕੀਤੀ ਗਈ, ਕਿੰਨੀ ਰਕਮ ਖਰਚ ਕੀਤੀ ਗਈ ਅਤੇ ਕੰਮ ਕਿਸ ਏਜੰਸੀ ਜਾਂ ਠੇਕੇਦਾਰ ਰਾਹੀਂ ਕਰਵਾਇਆ ਗਿਆ;

ਸ) ਮੌਜੂਦਾ ਸਮੇਂ ਹਲਕਾ ਖਡੂਰ ਸਾਹਿਬ ਵਿੱਚ ਕਿਹੜੀਆਂ ਨਹਿਰਾਂ, ਰਜਬਾਹਿਆਂ, ਮਾਈਨਰਾਂ, ਡਿਸਟ੍ਰੀਬਿਊਟਰੀਆਂ ਅਤੇ ਡਰੇਨਾਂ ਦੀ ਸਫ਼ਾਈ ਜਾਂ ਮੁਰੰਮਤ ਦਾ ਕੰਮ ਪ੍ਰਗਤੀ ਅਧੀਨ ਹੈ; ਉਸਦਾ ਵੇਰਵਾ ਦਿੱਤਾ ਜਾਵੇ;

ਹ) 1 ਅਪ੍ਰੈਲ 2022 ਤੋਂ ਬਾਅਦ ਹਲਕਾ ਖਡੂਰ ਸਾਹਿਬ ਵਿੱਚ ਕਿਹੜੀਆਂ ਨਹਿਰਾਂ, ਰਜਬਾਹਿਆਂ, ਮਾਈਨਰਾਂ, ਡਿਸਟ੍ਰੀਬਿਊਟਰੀਆਂ ਅਤੇ ਡਰੇਨਾਂ ਦੀ ਸਫ਼ਾਈ ਜਾਂ ਮੁਰੰਮਤ ਲਈ ਨਵੇਂ ਪ੍ਰੋਜੈਕਟ ਮਨਜ਼ੂਰ ਕੀਤੇ ਗਏ ਹਨ ਜਾਂ ਮਨਜ਼ੂਰੀ ਅਧੀਨ ਹਨ; ਕੰਮ-ਵਾਰ ਅਨੁਮਾਨਿਤ ਲਾਗਤ, ਲੰਬਾਈ ਅਤੇ ਸੰਭਾਵਿਤ ਸਮਾਂ-ਸੀਮਾ ਦਾ ਵੇਰਵਾ ਦਿੱਤਾ ਜਾਵੇ;

ਕ) ਕੀ ਸਰਕਾਰ ਹਲਕਾ ਖਡੂਰ ਸਾਹਿਬ ਵਿੱਚ ਨਹਿਰਾਂ, ਰਜਬਾਹਿਆਂ ਅਤੇ ਡਰੇਨਾਂ ਦੀ ਨਿਯਮਤ ਸਾਂਭ-ਸੰਭਾਲ ਅਤੇ ਸਫ਼ਾਈ ਲਈ ਕੋਈ ਸਾਲਾਨਾ ਕਾਰਜ ਯੋਜਨਾ ਲਾਗੂ ਕਰ ਰਹੀ ਹੈ; ਜੇ ਹਾਂ, ਤਾਂ ਉਸਦਾ ਵੇਰਵਾ ਦਿੱਤਾ ਜਾਵੇ?

----

**ਤਰਨ ਤਾਰਨ ਤੋਂ ਅੰਮ੍ਰਿਤਸਰ ਤੱਕ ਬਣ ਰਹੀ ਸ਼ੜਕ ਨੂੰ ਮੁਕੰਮਲ ਕਰਨਾ**

**719 ਸਰਦਾਰ ਸ. ਹਰਮੀਤ ਸਿੰਘ ਸੰਧੂ (ਤਰਨ ਤਾਰਨ):**

**ਲੋਕ ਨਿਰਮਾਣ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਤਰਨ ਤਾਰਨ ਤੋਂ ਅੰਮ੍ਰਿਤਸਰ ਤੱਕ ਵਾਇਆ ਚੱਬਾ ਅਤੇ ਗੋਹਲਵੜ੍ਹ ਬਣ ਰਹੀ ਸੜਕ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ; ਕੀ ਇਸ ਸਬੰਧੀ ਸਰਕਾਰ ਵੱਲੋਂ ਕੋਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ;

ਅ) ਸੜਕ ਦਾ ਕੰਮ ਮੁਕੰਮਲ ਕਰਨ ਲਈ ਸਰਕਾਰ ਵੱਲੋਂ ਕੀ ਸਮਾਂ-ਸੀਮਾ ਨਿਰਧਾਰਤ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

**ਸਤਲੁਜ ਦਰਿਆ ਦੇ ਬੰਨ੍ਹ ਅਤੇ ਨਵਾਂਸ਼ਹਿਰ ਹਲਕੇ ਦੇ ਨਾਲ ਲੱਗਦੇ ਦਰਿਆ ਦੇ ਬੰਨ੍ਹਾਂ ਨੂੰ ਪੱਕਾ ਕਰਨਾ**

**720 ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ :=** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਤਲੁਜ ਦਰਿਆ ਦੇ ਬੰਨ੍ਹ ਅਤੇ ਨਵਾਂਸ਼ਹਿਰ ਹਲਕੇ ਦੇ ਨਾਲ ਲੱਗਦੇ ਦਰਿਆ ਦੇ ਬੰਨ੍ਹ, ਜੋ ਕਿ ਹਰ ਸਾਲ ਕਈ ਥਾਵਾਂ ਤੋਂ ਟੁੱਟਣ ਦਾ ਖਤਰਾ ਰੱਖਦੇ ਹਨ, ਨੂੰ ਪੱਕਾ ਕਰਨ ਦੀ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਿੰਨੇ ਸਮੇਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

----

**ਲੁਧਿਆਣਾ ਵਿਖੇ ਸ਼੍ਰੀ ਗੁਰੂ ਰਵਿਦਾਸ ਆਡੀਟੋਰੀਅਮ ਦੀ ਉਸਾਰੀ ਦੀ ਮੌਜੂਦਾ ਸਥਿਤੀ**

721 ਡਾ. ਨਛੱਤਰ ਪਾਲ (ਨਵਾਂ ਸ਼ਹਿਰ ):

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ :**= ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਵਿਖੇ ਸ੍ਰੀ ਗੁਰੂ ਰਵਿਦਾਸ ਆਡੀਟੋਰੀਅਮ ਦਾ ਉਦਘਾਟਨ ਕਦੋਂ ਅਤੇ ਕਿਸ ਦੁਆਰਾ ਕੀਤਾ ਗਿਆ ਸੀ; ਇਸ ਦੀ ਉਸਾਰੀ ਦਾ ਕੰਮ ਕਿਸ ਸਮੇਂ ਤੱਕ ਪੂਰਾ ਕੀਤਾ ਜਾਣਾ ਸੀ ਅਤੇ ਇਸ ਆਡੀਟੋਰੀਅਮ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਪਿੰਡਾਂ ਦੇ ਇੱਕ ਟੋਬੇ ਵਿੱਚ ਡਰੇਨਆਊਟ ਕਰਨ ਲਈ ਗਰਾਮ ਪੰਚਾਇਤ ਨਿਯਮ/ਕਾਨੂੰਨ ਦੇ ਵੇਰਵੇ

722 ਸ਼੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ):

**ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਬਿਜਲੀ ਵਿਭਾਗ :-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਰਾਜ ਵਿੱਚ ਕਿਸੇ ਪਿੰਡ ਦੀ ਗਰਾਮ ਪੰਚਾਇਤ ਵੱਲੋਂ ਪਿੰਡ ਦੇ ਟੋਬੇ ਦੇ ਆਸ-ਪਾਸ ਰਹਿਣ ਵਾਲੇ ਵਸਨੀਕਾਂ ਦੇ ਵਿਰੋਧ ਦੇ ਬਾਵਜੂਦ ਪਿੰਡ ਦੇ ਇੱਕ ਟੋਬੇ ਦੇ ਪਾਣੀ ਨੂੰ ਦੂਜੇ ਟੋਬੇ ਵਿੱਚ ਡਰੇਨਆਊਟ ਕੀਤਾ ਜਾ ਸਕਦਾ ਹੈ;

ਅ) ਇਸ ਸਬੰਧੀ ਗਰਾਮ ਪੰਚਾਇਤ ਨਿਯਮ/ਕਾਨੂੰਨ ਕੀ ਹਨ; ਕੀ ਅਜਿਹੇ ਮਾਮਲਿਆਂ ਵਿੱਚ ਮਾਣਯੋਗ ਉੱਚ ਅਦਾਲਤ ਵੱਲੋਂ ਕੋਈ ਹੁਕਮ ਕੀਤੇ ਗਏ ਹਨ; ਜੇਕਰ ਹਾਂ ਤਾਂ ਉਨ੍ਹਾਂ ਅਦਾਲਤੀ ਹੁਕਮਾਂ ਅਤੇ ਸਬੰਧਤ ਨਿਯਮਾਂ/ਕਾਨੂੰਨ ਦੇ ਵੇਰਵੇ ਵੀ ਸਾਂਝੇ ਕੀਤੇ ਜਾਣ?

----

**ਚੰਡੀਗੜ੍ਹ - 160001.** **ਰਾਮ ਲੋਕ ਖਟਾਣਾ,**

**22 ਅਕਤੂਬਰ 2026.** **ਸਕੱਤਰ**